**ਅਕਾਦਮਿਕ ਸਾਲ 2024-25**

**ਵਿਸ਼ਾ- ਭੂਗੋਲ**

**ਸ਼੍ਰੇਣੀ- ਬਾਰ੍ਹਵੀਂ (ਲਿਖਤੀ)**

**ਮਾਡਲ ਪ੍ਰਸ਼ਨ ਪੱਤਰ**

**(ਵਿਲੱਖਣ ਸਮਰਥਾ ਵਾਲੇ ਪਰੀਖਿਆਰਥੀਆਂ ਲਈ)**

**ਸਮਾਂ: 3 ਘੰਟੇ** **ਕੁੱਲ ਅੰਕ-70**

**ਜ਼ਰੂਰੀ ਨਿਰਦੇਸ਼:**

1. ਪ੍ਰਸ਼ਨ ਪੱਤਰ ਦੇ 5 ਭਾਗਾਂ ਵਿਚ ਕੁੱਲ 7 ਪ੍ਰਸ਼ਨ ਹਨ। ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।
2. ਭਾਗ-I ਵਿਚ 20 ਪ੍ਰਸ਼ਨ ਬਹੁ-ਚੋਣਵੀਂ ਕਿਸਮ ਦੇ ਅਤੇ ਵਸਤੂਨਿਸ਼ਠ ਪ੍ਰਸ਼ਨ ਹਨ। ਇਸ ਭਾਗ ਦਾ ਹਰੇਕ ਪ੍ਰਸ਼ਨ ਦੋ ਅੰਕ ਦਾ ਹੈ।
3. ਭਾਗ-II ਵਿਚ 8 ਪ੍ਰਸ਼ਨ ਹਨ, ਜਿਨ੍ਹਾਂ ਵਿੱਚੋਂ ਕਿਸੇ 4 ਪ੍ਰਸ਼ਨਾਂ ਦਾ ਉੱਤਰ ਦੇਣਾ ਹੋਵੇਗਾ। ਹਰੇਕ ਪ੍ਰਸ਼ਨ ਦੇ ਤਿੰਨ ਅੰਕ ਹਨ। ਇਨ੍ਹਾਂ ਪ੍ਰਸ਼ਨਾਂ ਦਾ ਉਤਰ 30 ਤੋਂ 40 ਸ਼ਬਦਾਂ ਵਿਚ ਹੋਣਾ ਚਾਹੀਦਾ ਹੈ।
4. ਭਾਗ-III ਵਿਚ ਪ੍ਰਸ਼ਨ ਨੰਬਰ 3,4 ਅਤੇ 5 ਲੰਬੇ ਉੱਤਰ ਵਾਲੇ ਪ੍ਰਸ਼ਨ ਹਨ ਅਤੇ ਤਿੰਨਾਂ ਵਿੱਚ ਅੰਦਰੂਨੀ ਛੋਟ ਹੈ। ਇਨ੍ਹਾਂ ਦਾ ਉੱਤਰ 50 ਤੋਂ 75 ਸ਼ਬਦਾਂ ਤੱਕ ਹੋਣਾ ਚਾਹੀਦਾ ਹੈ। ਇਸ ਭਾਗ ਦਾ ਹਰ ਪ੍ਰਸ਼ਨ 6 ਅੰਕਾਂ ਦਾ ਹੈ।
5. ਭਾਗ-IV ਵਿਚ ਪ੍ਰਸ਼ਨ ਨੰ: 6 ਸ੍ਰੋਤ ਆਧਾਰਤ ਪ੍ਰਸ਼ਨ ਹੈ ਜਿਸ ਵਿਚ ਪੈਰ੍ਹੇ ਦੇ ਅਧਾਰ 'ਤੇ, ਅੱਗੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਦੇਣੇ ਹਨ। ਇਹ ਪ੍ਰਸ਼ਨ 10 ਅੰਕ ਦਾ ਹੈ।
6. ਭਾਗ-V ਵਿਚ ਨਕਸ਼ੇ ਦਾ ਪ੍ਰਸ਼ਨ ਹੈ ਜੋ ਕਿ 10 ਅੰਕਾਂ ਦਾ ਹੈ, ਇਸ ਵਿਚੋਂ 8 ਵਿੱਚੋਂ 5 ਨੁਕਤਿਆਂ ਹੱਲ ਕਰਨ ਦੀ ਛੂਟ ਹੈ। ਇਹ ਨਕਸ਼ਾ ਲੇਬਲਿੰਗ ਦਾ ਹੈ।
7. ਪ੍ਰੀਖਿਆ ਦੌਰਾਨ ਭਾਰਤ ਦਾ ਆਊਟਲਾਈਨ ਸਟੈਂਸਿਲ ਪ੍ਰਯੋਗ ਕਰਨ ਦੀ ਇਜਾਜ਼ਤ ਹੈ।

**ਭਾਗ-I**

**ਪ੍ਰਸ਼ਨ-1: ਸਾਰੇ ਉਪ-ਭਾਗ ਲਾਜ਼ਮੀ ਹਨ।** **2X10=20**

A. ਹੇਠ ਲਿਖਿਆਂ ਦਾ ਮਿਲਾਣ ਪੰਜਾਬ ਦੀ ਸਾਖਰਤਾ ਦਰ, 2011 ਦੀ ਜਨਗਣਨਾ ਅਨੁਸਾਰ ਕਰੋ:

| | | | |
|---|---|---|---|
| ੳ. | ਹੁਸ਼ਿਆਰਪੁਰ | (a) | 61.8% |
| ਅ. | ਮਾਨਸਾ | (b) | 80.4% |
| ੲ. | ਮਰਦਾਂ ਦੀ ਸਾਖਰਤਾ (ਪੰਜਾਬ) | (c) | 84.6% |
| ਸ. | ਔਰਤਾਂ ਦੀ ਸਾਖਰਤਾ (ਪੰਜਾਬ) | (d) | 70.7% |

B. ਭਾਰਤ ਦੀ ਜਨਸੰਖਿਆ ਅਤੇ ਖੇਤਰਫ਼ਲ ਸੰਸਾਰ ਦਾ ਕਿੰਨਾ ਪ੍ਰਤੀਸ਼ਤ ਹੈ?

(ੳ) 17.5 ਅਤੇ 2.4 ਪ੍ਰਤੀਸ਼ਤ (ਅ) 12.3 ਅਤੇ 3.8 ਪ੍ਰਤੀਸ਼ਤ

(ੲ) 10.3 ਅਤੇ 1.2 ਪ੍ਰਤੀਸ਼ਤ (ਸ) 16 ਅਤੇ 5.3 ਪ੍ਰਤੀਸ਼ਤ

C. ਕਿਨੌਰੀ ਤੇ ਬੱਕਰਵਾਲ ਕਬੀਲੇ ਮੁੱਖ ਤੌਰ 'ਤੇ ਕਿਹੜੇ ਸੂਬਿਆਂ ਵਿੱਚ ਰਹਿੰਦੇ ਹਨ?

(ੳ) ਅਰੁਣਾਚਲ ਪ੍ਰਦੇਸ਼ ਅਤੇ ਸਿੱਕਿਮ (ਅ) ਹਿਮਾਚਲ ਪ੍ਰਦੇਸ਼ ਅਤੇ ਕਸ਼ਮੀਰ

(ੲ) ਉੱਤਰਾਖੰਡ ਅਤੇ ਅਸਾਮ (ਸ) ਮਣੀਪੁਰ ਤੇ ਮਿਜ਼ੋਰਮ

D. ਸਹੀ ਮਿਲਾਣ ਕਰੋ:

(ੳ) ਈ.ਸੀ.ਸੈਂਪਲ (a) ਵਿਕਾਸ ਧੁਰੇ ਦੀ ਧਾਰਣਾ

(ਅ) ਡਾ. ਮਹਿਬੂਬ-ਉੱਲ-ਹੱਕ (b) ਇਨਫ਼ਲੂਐਂਸ ਆਫ਼ ਦਿ ਜਿਓਗਰਾਫ਼ਿਕਲ ਕੰਡੀਸ਼ਨਜ਼ ਐਂਡ ਦਿ ਅਮੈਰਿਕਨ ਹਿਸਟਰੀ

(ੲ) ਫ਼ਰਾਂਸਿਸ ਪੈਰੋਕਸ (c) ਭੂਟਾਨ ਦੇ ਬਾਦਸ਼ਾਹ

(ਸ) ਜਿਗਮੇ ਸਿੰਘੇ ਵਾਂਗਚੂ (d) ਮਨੁੱਖੀ ਵਿਕਾਸ ਸੂਚਕਾਂਕ 1990

E. ਵਾਤਾਵਰਣ ਕਿਸ ਨੂੰ ਕਹਿੰਦੇ ਹਨ ? ਵਾਤਾਵਰਣ ਨੂੰ ਕਿਹੜੇ ਤਿੰਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ ?

F. ਲਾਲ ਕ੍ਰਾਂਤੀ ਅਤੇ ਮਿੱਠੀ ਕ੍ਰਾਂਤੀ ਕਿਨ੍ਹਾਂ ਨਾਲ ਸਬੰਧਿਤ ਹੈ?

G. ਪੰਜਾਬ ਵਿੱਚ ਕਿਹੜੇ ਦੋ ਸ਼ਹਿਰ ਸੂਤੀ ਕੱਪੜਾ ਉਦਯੋਗ ਲਈ ਪ੍ਰਸਿੱਧ ਹਨ?

H. ਮੈਟਰੋ ਰੇਲਵੇ ਦੇ ਉੱਤਰੀ ਰੇਲਵੇ ਹੈੱਡਕੁਆਟਰਾਂ ਦੇ ਨਾਮ ਲਿਖੋ। ?

I. ਚਾਹ (Tea) ਦੀਆਂ ______ ਅਤੇ ਕੌਫ਼ੀ ਦੀਆਂ _______ ਕਿਸਮਾਂ ਹੁੰਦੀਆਂ ਹਨ?

(ੳ) ਛੇ ਅਤੇ ਦੋ (ਅ) ਚਾਰ ਅਤੇ ਦੋ

(ੲ) ਛੇ ਅਤੇ ਤਿੰਨ (ਸ) ਪੰਜ ਅਤੇ ਇੱਕ

J. ਗਰੇਅ ਕਾਲਰ____________ ਅਤੇ ਲਾਲ ਕਾਲਰ_________ ਕਾਮੇ ਹੁੰਦੇ ਹਨ।

(ੳ) ਕੈਦੀ ਅਤੇ ਵਾਤਾਵਰਨ ਵਿਗਿਆਨਕ (ਅ) ਖਾਣਾਂ ਵਿੱਚ ਕੰਮ ਕਰਨ ਵਾਲੇ ਅਤੇ ਡਾਕਟਰ

(ੲ) ਅੱਗ ਬੁਝਾਓਣ ਵਾਲੇ, ਸਕਿਓਰਟੀ ਗਾਈਡ/ ਕਿਸਾਨ (ਸ) ਕੰਮਕਾਜੀ ਔਰਤਾਂ/ ਕਿਸਾਨ

**ਭਾਗ-II**

**ਪ੍ਰਸ਼ਨ-2: ਹੇਠ ਲਿਖੇ ਉੱਪ-ਭਾਗਾਂ ਵਿੱਚੋਂ ਕੋਈ ਚਾਰ ਹੱਲ ਕਰਨੇ ਲਾਜ਼ਮੀ ਹਨ। 3×4=12**

A. ਐਲੈਗਜ਼ੈਂਡਰ ਵੋਂ ਹੰਬੋਲਟ ਦੀ ਭੂਗੋਲ ਨੂੰ ਦੇਣ ਬਾਰੇ ਸੰਖੇਪ ਨੋਟ ਲਿਖੋ?

B. ਪੇਂਡੂ ਬਸਤੀਆਂ ਦੀਆਂ ਕਿਸਮਾਂ ਦਾ ਵਰਨਣ ਕਰੋ।

C. ਜਨਸੰਖਿਆ ਦੀ ਸਥਾਨ ਬਦਲੀ ਲਈ ਜ਼ਿੰਮੇਵਾਰ ਕੋਈ ਤਿੰਨ ਪਰੇ ਧੱਕਣ ਅਤੇ ਖਿੱਚਣ ਵਾਲੇ ਕਾਰਕਾਂ ਦੇ ਨਾਮ ਲਿਖੋ।

D. ਹਿਮਾਲਿਆ ਵਿੱਚ ਪਸ਼ੂ ਪਾਲਕ ਮੌਸਮੀ ਸਥਾਨਅੰਤਰਣ (Transhumance) ਕਿਉਂ ਕਰਦੇ ਹਨ।

E. ਕੌਫ਼ੀ ਦੇ ਉਤਪਾਦਨ ਲਈ ਜ਼ਰੂਰੀ ਭੂਗੋਲਿਕ ਹਾਲਾਤ ਕਿਹੋ ਜਿਹੇ ਹੋਣੇ ਚਾਹੀਦੇ ਹਨ?

F. ਮਜ਼ਦੂਰਾਂ ਦੀ ਗਿਣਤੀ ਦੇ ਅਧਾਰ 'ਤੇ ਉਦਯੋਗਾਂ ਦਾ ਵਰਗੀਕਰਨ ਕਰੋ।

G. ਸੁਨਹਿਰੀ ਚਤਰਭੁੱਜ (Golden Quadrilateral) ਨਾਲ ਜੁੜੇ ਸ਼ਹਿਰਾਂ ਦੇ ਨਾਮ ਲਿਖੋ।

H. ਪੰਜਾਬ ਵਿੱਚ ਖੰਡ ਉਦਯੋਗ ਦੀ ਮੌਜੂਦਾ ਸਥਿਤੀ ਬਾਰੇ ਸੰਖੇਪ ਵਿੱਚ ਵਰਨਣ ਕਰੋ।

## ਭਾਗ-III

**ਨੋਟ: ਹੇਠ ਲਿਖਿਆਂ ਵਿੱਚੋਂ ਇੱਕ-ਇੱਕ ਪ੍ਰਸ਼ਨ ਹੱਲ ਕਰੋ।**

ਪ੍ਰਸ਼ਨ-3. ਸੰਭਵਤਾਵਾਦ (Possibilism)ਦਾ ਸਿਧਾਂਤ ਸੰਖੇਪ ਵਿਚ ਸਮਝਾਓ, ਅਤੇ ਕੋਈ ਦੋ ਸੰਭਵਤਾਵਾਦ ਸਮਰਥਕ ਭੂਗੋਲਵੇਤਾਵਾਂ ਦੇ ਨਾਮ ਲਿਖੋ। (3+3=6)

**ਜਾਂ**

ਜਨਅੰਕਣ ਪਰਿਵਰਤਨ ਦਾ ਸਿਧਾਂਤ ਡਾਇਗਰਾਮ ਬਣਾਓ। ਭਾਰਤ ਜਨਅੰਕਣ ਪਰਿਵਰਤਨ ਦੇ ਕਿਸ ਪੜਾਅ ਵਿੱਚੋਂ ਲੰਘ ਰਿਹਾ ਹੈ? (3+3=6)

ਪ੍ਰਸ਼ਨ-4. ਭਾਰਤ ਵਿੱਚ ਜਲ ਅਤੇ ਵਾਯੂ ਪ੍ਰਦੂਸ਼ਣ ਦੀ ਕੀ ਸਥਿਤੀ ਹੈ ? ਇਨ੍ਹਾਂ ’ਤੇ ਰੋਕ ਲਾਉਣ ਲਈ ਆਪਣੇ ਸੁਝਾਅ ਵਿਸਥਾਰ ਵਿੱਚ ਲਿਖੋ। (3+3=6)

**ਜਾਂ**

ਭਾਰਤ ਵਿੱਚ ਪੈਟ੍ਰੋਲ ਦੇ ਉਤਪਾਦਨ,ਵੰਡ ਤੇ ਤੇਲ ਰਿਫ਼ਾਇਨਰੀਆਂ ਦੀ ਮੌਜੂਦਾ ਸਥਿਤੀ ਬਾਰੇ ਲਿਖੋ। (3+3=6)

ਪ੍ਰਸ਼ਨ-5 ਭਾਰਤ ਵਿੱਚ ਕੌਮੀ ਰਾਜਮਾਰਗਾਂ ਦਾ ਅੰਕਣ ਕਿਵੇਂ ਕੀਤਾ ਗਿਆ ਹੈ ? ਇਹ ਵੀ ਦੱਸੋ ਕਿ ਜਲੰਧਰ ਤੋਂ ਦਿੱਲੀ ਤੱਕ ਦਾ ਸੜਕ ਮਾਰਗ ਕਿਨ੍ਹਾਂ ਨਾਮਾਂ ਨਾਲ ਜਾਣਿਆ ਗਿਆ ਹੈ? (3+3=6)

**ਜਾਂ**

ਆਰਥਿਕ ਭੂਗੋਲ ਵਿੱਚ ਵੱਖੋ-ਵੱਖਰੇ ਖੇਤਰ (ਸੈਕਟਰ)ਕਿੰਨੇ ਤੇ ਕਿਹੜੇ ਹੁੰਦੇ ਹਨ? ਉਦਾਹਰਨਾਂ ਦੇ ਕੇ ਸਮਝਾਓ। (3+3=6)

## ਭਾਗ- IV

**ਪ੍ਰਸ਼ਨ-6. ਹੇਠਾਂ ਦਿੱਤੇ ਪੈਰ੍ਹੇ ਨੂੰ ਪੜ੍ਹ ਕੇ ਇਸ ਦੇ ਅੰਤ ਵਿਚ ਦਿੱਤੇ ਸਵਾਲਾਂ ਦੇ ਜਵਾਬ ਦਿਓ:- 2x5=10**

ਖੇਤੀ ਭਾਰਤ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ। ਭਾਰਤ ਦੇ ਲੋਕਤੰਤਰ ਵਿੱਚ ਕੋਈ ਵੀ ਫ਼ੈਸਲਾ ਆਮ ਲੋਕਾਂ ਤੇ ਖਾਸ ਕਰ ਕੇ ਕਿਸਾਨਾਂ ਲਈ ਬਹੁਤ ਡੂੰਘੇ ਸੋਚ ਵਿਚਾਰ ਤੋਂ ਬਾਅਦ ਹੀ ਲਿਆ ਜਾਣਾ ਚਾਹੀਦਾ ਹੈ। ਵਸਤੂ ਤੇ ਸੇਵਾਵਾਂ ਦਾ ਕੇਂਦਰੀਕਰਨ ਕਰਨਾ ਠੀਕ ਨਹੀਂ। ਇਹ ਫ਼ੈਡਰਲ ਢਾਂਚੇ ਦੀ ਆਤਮਾ ਦੇ ਖ਼ਿਲਾਫ਼ ਹੈ। ਹਰ ਇਕ ਵੱਡੇ ਫ਼ੈਸਲੇ ਤੋਂ ਪਹਿਲਾਂ ਈ. ਆਈ.ਏ ਜਾਂ ਇਕੋਨੋਮਿਕ ਇੰਪੈਕਟ ਅਸੈਸਮੈਂਟ ਅਤੇ ਐਸ.ਆਈ.ਏ ਜਾਂ ਸੋਸ਼ਲ ਇੰਪੈਕਟ ਅਸੈਸਮੈਂਟ ਕਰਨਾ ਬਹੁਤ ਜ਼ਰੂਰੀ ਹੈ। ਘੱਟੋ-ਘੱਟ ਸਮਰਥਨ ਮੁੱਲ ਨਿਰਧਾਰਤ ਕਰਨਾ ਤੇ ਸਰਕਾਰ ਦੁਆਰਾ ਸਾਰੀਆਂ ਖੇਤੀ ਅਧੀਨ ਪੈਦਾ ਹੋ ਰਹੀਆਂ ਵਸਤੂਆਂ ਦੀ ਖਰੀਦ ਨੂੰ ਯਕੀਨੀ ਬਣਾਉਣਾ ਮੁਢਲੇ ਅਧਿਕਾਰਾਂ ਤਹਿਤ ਲਿਆਉਣ ਲਈ ਲੋਕ ਸਭਾ ਤੇ ਰਾਜ ਸਭਾ ਵਿਚ ਬਹਿਸ ਹੋਣੀ ਚਾਹੀਦੀ ਹੈ ਅਤੇ ਸਿੱਟਿਆਂ ਉਤੇ ਅਮਲ ਹੋਣਾ ਚਾਹੀਦਾ ਹੈ । 40 ਕਰੋੜ ਲੋਕਾਂ ਦਾ ਪਿੰਡਾਂ ਚ ਖੇਤੀ ਕਰਨਾ, ਮਿੱਟੀ ਨਾਲ ਮਿੱਟੀ ਹੋਣਾ ਜ਼ਰੂਰੀ ਹੈ, ਨਹੀਂ ਤਾਂ ਮਨੁੱਖਾਂ ਵਾਸਤੇ ਅਨਾਜ ਦੀ ਸੁਰੱਖਿਆ ਤੇ ਪਸ਼ੂਆਂ ਲਈ ਵਾਸਤੇ ਚਾਰੇ ਦੀ ਸੁਰੱਖਿਆ ਲਈ ਬੇ-ਹਿਸਾਬੀ ਜੱਦੋ-ਜਹਿਦ ਸ਼ੁਰੂ ਹੋ ਜਾਵੇਗੀ। ਸਾਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਕਿਵੇਂ ਕਿਸਾਨਾਂ ਦੀ ਸਿਰ ਤੋੜ ਮਿਹਨਤ ਸਦਕਾ ਅਸੀਂ ‘ਸ਼ਿਪ ਟੂ ਲਿਪ’ ਵਰਗੀ ਸਥਿਤੀ ਤੋਂ ਨਿਕਲ ਕੇ ਖੁਰਾਕ ਪਦਾਰਥਾਂ ਦੇ ਉਤਪਾਦਨ ’ਚ ਸੰਸਾਰ ਭਰ ਦੇ ਮੋਢੀ ਮੁਲਕਾਂ ’ਚੋ ਇੱਕ ਹਾਂ।

(i) ਖੇਤੀਬਾੜੀ ਭਾਰਤ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਕਿਉਂ ਹੈ?

(ii) ਵਸਤੂਆਂ ਤੇ ਸੇਵਾਵਾਂ ਦਾ ਕੇਂਦਰੀਕਰਨ ਕਰਨਾ ਠੀਕ ਕਿਉਂ ਨਹੀਂ ਹੈ?

(iii) ਭਾਰਤ ਵਿੱਚ ਕਿੰਨੇ ਕਿਸਾਨ ਖੇਤੀਬਾੜੀ ਦੇ ਧੰਦੇ ਵਿੱਚ ਸ਼ਾਮਲ ਹਨ ?

(iv) ਭਾਰਤ ਦੇ ਕਿਸਾਨ ਕਰਜ਼ੇ ਦੀ ਮਾਰ ਕਿਉਂ ਝੱਲ ਰਹੇ ਹਨ?

(v) ਖੁਰਾਕ ਪਦਾਰਥਾਂ ਦੇ ਉਤਪਾਦਨ ’ਚ ਸੰਸਾਰ ਭਰ ਦੇ ਮੋਢੀ ਮੁਲਕਾਂ ’ਚੋਂ ਇੱਕ ਹੋਣ ਦਾ ਸਿਹਰਾ ਕਿਸ ਨੂੰ ਜਾਂਦਾ ਹੈ?

**ਭਾਗ-V**

ਪ੍ਰਸ਼ਨ: 7. ਹੇਠਾਂ ਲਿਖੇ ਅੱਠ ਨੁਕਤਿਆਂ ਵਿਚੋਂ ਕੋਈ ਪੰਜ ਭਾਰਤ ਦੇ ਰਾਜਨੀਤਕ ਨਕਸ਼ੇ ’ਤੇ ਦਿਖਾਓ:-

i) ਸਭ ਤੋਂ ਵੱਧ ਸਾਖਰਤਾ ਵਾਲ਼ਾ ਸੂਬਾ

ii) ਵਿਸ਼ਾਖਾਪਟਨਮ ਤੇਲ ਰਿਫ਼ਾਇਨਰੀ

iii) ਡਿਗਬੋਈ-ਬਰੌਨੀ ਪਾਈਪਲਾਈਨ

iv) ਕੰਨਿਆਕੁਮਾਰੀ ਬੰਦਰਗਾਹ

v) ਪੂਰਬੀ-ਪੱਛਮੀ ਰਾਸ਼ਟਰੀ ਮਹਾਂਮਾਰਗ ਦਾ ਸਭ ਤੋਂ ਪੂਰਬੀ ਸਿਰਾ

vi) ਪਿੰਜੌਰ ਮਿੰਨੀ ਸਟੀਲ ਪਲਾਂਟ

vii) ਭਾਰਤ ਵਿਚ ਚਾਵਲ ਉਤਪਾਦਨ ਦਾ ਕੋਈ ਇਕ ਸੂਬਾ

viii) ਖੰਭਾਤ ਦੀ ਖਾੜੀ (2X5=10)